

# ਡਾ. ਕਰਨਜੀਤ ਸਿੰਘ : ਚਿੰਤਨ ਤੇ ਸਿਰਜਣਾ

ਨਰੇਸ਼ ਕੁਮਾਰ

ਡਾ: ਕਰਨਜੀਤ ਸਿੰਘ : ਚਿੰਤਨ ਤੇ ਸਿਰਜਣਾ

DR. KARANJIT SINGH : CHINTAN TE SIRJNA

by

Naresh Kumar
Lecturer
Sri Guru Angad Dev Khalsa College
Khadoor Sahib (Amritsar)

© Author

1st Edition 2007

**Publication :**
M.P. Prakashan
Shop No. 7,
12/190, Geeta Colony, Delhi-31
Mobile : 9312271252

**Branch :**
EM-66, Rasta Mohalla,
Phagwara Gate,
Jalandhar

**Typesetting :**
Tegh Computers
Ph.: 9873332249

**Printer :**
Balaji Offset
Delhi.

**Price : 150.00**

ISBN-81-8138-028-2

# ਤਤਕਰਾ


ਮੁੱਢਲੀ ਗੱਲ 9

ਭਾਗ ਪਹਿਲਾ :

1. ਡਾ: ਕਰਨਜੀਤ ਸਿੰਘ ਸਾਹਿਤ ਚਿੰਤਨ :
   ਮੈਟਾ ਆਲੋਚਕਾਂ ਦੀ ਨਜ਼ਰ 'ਚ 15
2. ਡਾ: ਕਰਨਜੀਤ ਸਿੰਘ ਸਾਹਿਤ ਚਿੰਤਨ :
   ਮੱਧਕਾਲੀਨ ਸਾਹਿਤ ਸੰਬੰਧੀ ਧਾਰਨਾਵਾਂ 30
3. ਡਾ: ਕਰਨਜੀਤ ਸਿੰਘ ਸਾਹਿਤ ਚਿੰਤਨ :
   ਆਧੁਨਿਕ ਸਾਹਿਤ ਸੰਬੰਧੀ ਧਾਰਨਾਵਾਂ 46
4. ਡਾ: ਕਰਨਜੀਤ ਸਿੰਘ ਸਾਹਿਤ ਚਿੰਤਨ :
   ਲੋਕਧਾਰਾ ਸੰਬੰਧੀ ਧਾਰਨਾਵਾਂ 63
5. ਡਾ: ਕਰਨਜੀਤ ਸਿੰਘ ਸਾਹਿਤ ਚਿੰਤਨ :
   ਪੰਜਾਬੀ ਆਲੋਚਨਾ ਸੰਬੰਧੀ ਧਾਰਨਾਵਾਂ 78

ਭਾਗ ਦੂਜਾ :

6. ਚੇਤੰਨ ਯਥਾਰਥਵਾਦੀ ਸ਼ਾਇਰ ਡਾ: ਕਰਨਜੀਤ ਸਿੰਘ 91
7. ਡਾ: ਕਰਨਜੀਤ ਸਿੰਘ ਦੀ ਵਾਰਤਕ :
   ਵਿਧਾਵਾਂ ਦੇ ਨਾਮਕਰਣ ਦੀ ਸਮੱਸਿਆ
   ('ਕਲਮ ਦੀ ਅੱਖ' ਤੇ 'ਜਿਨ੍ਹਾਂ ਪਛਾਤਾ ਸੱਚ' ਦੇ ਸੰਦਰਭ ਵਿਚ) 100
8. ਹਾਸ਼ੀਏ ਦੀ ਇਬਾਰਤ ਦਾ 'ਹਾਸ਼ੀਆ' ਅਤੇ 'ਇਬਾਰਤ' 106
9. ਡਾ: ਕਰਨਜੀਤ ਸਿੰਘ ਨਾਲ ਮੁਲਾਕਾਤ 115

ਸਹਾਇਕ ਪੁਸਤਕ-ਸੂਚੀ 137


15/24



ਨਰੇਸ਼ ਕੁਮਾਰ ਦਾ ਜਨਮ ਗੁਰਦਾਸਪੁਰ ਜਿਲ੍ਹੇ ਦੇ ਕਸਬੇ ਕਾਦੀਆਂ ਵਿਚ ਪਹਿਲੀ ਅਪ੍ਰੈਲ, 1980 ਈ: ਨੂੰ ਹੋਇਆ। ਡੀ. ਏ. ਵੀ. ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਤੋਂ 10+2 ਦੀ ਸਿੱਖਿਆ ਲੈਣ ਉਪਰੰਤ ਉਸ ਐਸ. ਐਨ. ਕਾਲਜ ਕਾਦੀਆਂ ਤੋਂ ਬੀ. ਏ. ਦੀ ਡਿਗਰੀ ਹਾਸਲ ਕੀਤੀ। 2002 ਈ: ਨੂੰ ਉਸ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵਿਖੇ ਉਚੇਰੀ ਵਿਦਿਆ ਹਾਸਲ ਕਰਨ ਲਈ ਬੜੀ ਮਿਹਨਤ, ਲਗਨ ਅਤੇ ਦ੍ਰਿੜਤਾ ਨਾਲ ਕੰਮ ਕਰਦਿਆਂ ਐਮ.ਏ. ਦਾ ਇਮਤਿਹਾਨ ਪਹਿਲੇ ਦਰਜੇ ਵਿਚ ਪਾਸ ਕੀਤਾ। ਇਹ ਉਸ ਦੇ ਕੈਰੀਅਰ ਦੀ ਸ਼ੁਰੂਆਤ ਸੀ ਜਿਸ ਵਿਚ ਉਸ ਦੀ ਆਪਣੀ ਪਹਿਲੀ ਪ੍ਰਾਪਤੀ ਨੇ ਉਸ ਦੀ ਖ਼ੂਬ ਹੌਸਲਾ ਅਫ਼ਜ਼ਾਈ ਕੀਤੀ। ਫਿਰ ਉਸ ਨੇ ਆਪਣੇ-ਆਪ ਨੂੰ ਜਿਵੇਂ ਮੁਕੰਮਲ ਰੂਪ ਵਿਚ ਏਸੇ ਖੇਤਰ ਨੂੰ ਹੀ ਸਮਰਪਿਤ ਕਰ ਦਿੱਤਾ ਅਤੇ ਅਗਲੇ ਦੋ ਵਰ੍ਹਿਆਂ ਦੌਰਾਨ ਉਸ ਨੇ ਪਹਿਲੇ ਦਰਜੇ ਵਿਚ ਹੀ ਐਮ. ਫਿਲ. (ਪੰਜਾਬੀ) ਦਾ ਇਮਤਿਹਾਨ ਪਾਸ ਕਰ ਲਿਆ।

ਐਮ. ਫਿਲ. ਦਾ ਪਹਿਲਾ ਕੋਰਸ ਮੁਕੰਮਲ ਕਰਨ ਉਪਰੰਤ ਉਸ ਨੇ ਕਿਸੇ ਐਸੇ ਮਾਰਕਸਵਾਦੀ ਆਲੋਚਕ ਉੱਪਰ ਖੋਜ ਤੇ ਅਧਿਐਨ ਕਰਨ ਦਾ ਮਨ ਬਣਾਇਆ ਜਿਸਦੇ ਕੰਮ ਨੂੰ ਗੰਭੀਰਤਾ ਨਾਲ ਗੋਲਿਆਂ ਨਾ ਗਿਆ ਹੋਵੇ ਅਤੇ ਜਿਸ ਨੇ ਇਸ ਖੇਤਰ ਵਿਚ ਨਿੱਗਰ ਦੇਣ ਵੀ ਦਿੱਤੀ ਹੋਵੇ। ਇਹ ਚਿੰਤਕ ਸੀ ਡਾ: ਕਰਨਜੀਤ ਸਿੰਘ ਜਿਸ ਦੇ ਚਿੰਤਨ ਕਾਰਜ ਦੇ ਵਿਭਿੰਨ ਪੱਖਾਂ ਨੂੰ ਉਸ ਆਪਣੇ ਖੋਜ-ਕਾਰਜ ਦੌਰਾਨ ਵਿਗਿਆਨਕ ਅਤੇ ਤਰਕਸ਼ੀਲ ਢੰਗ ਨਾਲ ਘੋਖਿਆ, ਫਰੋਲਿਆ ਅਤੇ ਭਰੋਸੇਯੋਗ ਸਿੱਟੇ ਪ੍ਰਸਤੁਤ ਕੀਤੇ। ਅਕਾਦਮਿਕ ਖੇਤਰ ਵਿਚ ਪ੍ਰਚਲਿਤ ਆਮ ਵਿਹਾਰ ਮੁਤਾਬਿਕ ਉਸ ਦਾ ਮਕਸਦ ਮਹਿਜ਼ ਉਪਾਧੀ ਪ੍ਰਾਪਤ ਕਰਨਾ ਹੀ ਨਹੀਂ ਸੀ ਇਸ ਲਈ ਉਸ ਨੇ ਆਪਣੇ ਅਧਿਐਨ ਕਾਰਜ ਨੂੰ ਜਾਰੀ ਰੱਖਦੇ ਹੋਏ ਡਾ: ਕਰਨਜੀਤ ਸਿੰਘ ਦੀ ਸਿਰਜਣਾ ਦੇ ਦੂਸਰੇ ਪਸਾਰਾਂ ਨੂੰ ਵੀ ਆਪਣੇ ਅਧਿਐਨ ਦੇ ਘੇਰੇ ਵਿਚ ਲੈ ਆਂਦਾ। ਉਸ ਦੀ ਨਿੱਠ ਕੇ ਕੀਤੀ ਇਸ ਕਾਰਗੁਜ਼ਾਰੀ ਦਾ ਹੀ ਸਿੱਟਾ ਹੈ ਹਥਲੀ ਪੁਸਤਕ।